

ਸਰੀਰਕ ਮੌਤ ਤੋਂ ਮੈਂ ਨਹੀਂ ਡਰਦਾ,
ਜ਼ਮੀਰ ਦਾ ਮਰ ਜਾਣਾ ਯਕੀਨਨ ਮੌਤ ਹੈ।
-ਸ਼ਹੀਦ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ

# ਚੜ੍ਹਦੀ ਕਲਾ

# ਸੰਪਾਦਕੀ

## ‘ਮੀਆਂਮਾਰ - ਚੀਨ ਵਿੱਚ ਕੁਦਰਤੀ ਪ੍ਰਕੋਪ ਅਤੇ ਜੈਪੁਰ ਵਿੱਚ ‘ਸਾਜ਼ਿਸ਼ੀ’ ਧਮਾਕਿਆਂ ਦਾ ਸ਼ਿਕਾਰ ਹੋਏ ਮਾਸੂਮ-ਬੇਗੁਨਾਹ ਲੋਕਾਂ ਦੇ ਨਾਂ.....!

ਬੀਤਿਆ ਹਫਤਾ, ਏਸ਼ੀਆ ਵਿਚਲੇ ਚੀਨ, ਮੀਆਂਮਾਰ (ਬਰਮਾ) ਅਤੇ ਭਾਰਤ ਦੇ ਹਜ਼ਾਰਾਂ (ਸ਼ਾਇਦ ਲੱਖਾਂ) ਬੇਗੁਨਾਹ ਲੋਕਾਂ ਦੀਆਂ ਸਿਸਕੀਆਂ, ਹਾਵਿਆਂ ਅਤੇ ਬੇਬਸੀ ਦੀ ਕਹਾਣੀ ਹੈ - ਜਿਹੜੀ ਕਹਾਣੀ ਦਾ ਉਹਨਾਂ ਦੇ ਨਾਲ ਹੀ ਅੰਤ ਹੋ ਗਿਆ। ਮੀਆਂਮਾਰ ਵਿੱਚ ਆਏ ਤੂਫਾਨ ਨੇ ਹਜ਼ਾਰਾਂ ਜਿੰਦੜੀਆਂ (ਇੱਕ ਅਮਰੀਕੀ ਡਿਪਲੋਮੇਟ ਨੇ ਇਹ ਗਿਣਤੀ ਇੱਕ ਲੱਖ ਦੇ ਕਰੀਬ ਦੱਸੀ ਹੈ) ਦਾ ਅੰਤ ਕਰ ਦਿੱਤਾ। ਸ਼ਹਿਰਾਂ ਦੇ ਸ਼ਹਿਰ, ਕਸਬਿਆਂ ਦੇ ਕਸਬੇ ਅਤੇ ਪਿੰਡਾਂ ਦੇ ਪਿੰਡ ਇਸ ਕੁਦਰਤੀ ਕਹਿਰ ਦਾ ਸ਼ਿਕਾਰ ਹੋਏ, ਜਿਸ ਵਿੱਚ ਮੀਆਂਮਾਰ ਦੀ ਰਾਜਧਾਨੀ - ਰੰਗੂਨ ਵੀ ਸ਼ਾਮਲ ਹੈ। ਅਫਸੋਸ! ਇਸ ਤ੍ਰਾਸਦੀ ਤੋਂ ਬਚ ਰਹੇ ਲੋਕਾਂ ਨੂੰ ਰਾਹਤ ਪਹੁੰਚਾਉਣ ਦਾ ਮਸਲਾ ਵੀ ਭੱਦੀ ਅੰਤਰਰਾਸ਼ਟਰੀ ਸਿਆਸਤ ਦੀ ਭੇਟ ਚੜ੍ਹਿਆ ਹੋਇਆ ਹੈ।

ਮੀਆਂਮਾਰ ਦੀ ਫੌਜੀ ਹਕੂਮਤ ਨੇ ਨਾ-ਸਿਰਫ ਯੂਨਾਈਟਿਡ ਨੇਸ਼ਨਜ਼ ਵਲੋਂ ਭੇਜੇ ਲੋੜੀਂਦੇ ਸਮਾਨ ਦੇ ਦੋ ਜਹਾਜ਼ਾਂ ’ਤੇ ਹੀ ਕਬਜ਼ਾ ਜਮਾਇਆ ਬਲਕਿ ਮੁਢਲੇ ਦਿਨਾਂ ’ਚ ਯੂ. ਐਨ. ਸਮੇਤ ਕਿਸੇ ਵੀ ਦੇਸ਼ ਦੀ ਸਰਕਾਰੀ ਜਾਂ ਗੈਰ-ਸਰਕਾਰੀ ਸੰਸਥਾ (ਐਨ. ਜੀ. ਓ.) ਦੀ ਮਦਦ ਲੈਣ ਤੋਂ ਵੀ ਨੰਨਾ ਫੜੀ ਰੱਖਿਆ। ਭਾਰਤ ਦੇ ਇਸ ‘ਮਿੱਤਰ ਦੇਸ਼’ ਦਾ ਵਰਤਾਰਾ ਸਮਝ ਤੋਂ ਪਰ੍ਹੇ ਹੈ, ਕਿਉਂਕਿ ਹੁਣ ਉਹ ਮੱਦਦ ਲੈਣ ਲਈ ਰਾਜ਼ੀ ਵੀ ਹੋ ਗਿਆ ਹੈ ਜਦੋਂ ਕਿ ਕਈ ਲੋਕ ਮੱਦਦ ਦੀ ਅਣਹੋਂਦ ਕਾਰਨ ਮੌਤ ਦੀ ਭੇਟ ਚੜ੍ਹ ਚੁੱਕੇ ਹਨ। ਇਹ ਵੀ ਖਬਰਾਂ ਹਨ ਕਿ ਬਾਹਰਲੀ ਏਡ ਰਾਹੀਂ ਆਉਣ ਵਾਲੀਆਂ ਪੌਸ਼ਟਿਕ ਆਹਾਰ ਵਾਲੀਆਂ ਵਸਤੂਆਂ (ਪ੍ਰੋਟੀਨ ਆਦਿਕ ਵਾਲੇ ਬਿਸਕੁਟ) ਫੌਜੀ ਛਾਉਣੀਆਂ ਵਿੱਚ ਸਟੋਰ ਕੀਤੀਆਂ ਜਾ ਰਹੀਆਂ ਹਨ ਅਤੇ ਲੋਕਾਂ ਨੂੰ ਘਟੀਆ ਮਾਲ ਦਿੱਤਾ ਜਾ ਰਿਹਾ ਹੈ, ਜਿਸ ਕਰਕੇ ਬਿਮਾਰੀ ਫੈਲ ਰਹੀ ਹੈ। ਕੀ ਇਹ ਇਨਸਾਨੀਅਤ ਦਾ ਉੱਠ ਰਿਹਾ ਜਨਾਜ਼ਾ ਨਹੀਂ ਹੈ ਕਿ ਚਾਰ-ਚੁਫੇਰੇ ਹੋ ਰਹੇ ‘ਮੌਤ ਦੇ ਤਾਂਡਵ’ ਨਾਚ ਦੇ ਬਾਵਜੂਦ, ਬਚ ਰਹੇ (ਹਉਮੈ ਅਤੇ ਲਾਲਚ ਦਾ ਸ਼ਿਕਾਰ) ਲੋਕ ਕਿਸ ਕਦਰ ‘ਪੱਥਰ ਦਿਲ’ ਬਣ ਜਾਂਦੇ ਹਨ? ਮਨੁੱਖੀ ਪੀੜ ਸਮਝਣ ਅਤੇ ਮਨੁੱਖੀ ਭਲਾ ਕਰਨ ਦੇ ਜਜ਼ਬੇ, ਮੁਸੀਬਤ ਅਤੇ ਵਿਨਾਸ਼ ਦੇ ਸਨਮੁਖ ਵੀ ਕਿਉਂ ਗਾਇਬ ਹੋ ਜਾਂਦੇ ਹਨ?

ਮੀਆਂਮਾਰ ਦੇ ਲੋਕਾਂ ਦੀ ਮੁਸੀਬਤ ਦੀ ਕਹਾਣੀ ਅਜੇ ਅੰਤਰਰਾਸ਼ਟਰੀ ਮੀਡੀਏ ਦੀ ਚਰਚਾ ਵਿੱਚ ਹੀ ਸੀ ਕਿ ਚੀਨ (ਵਿਸ਼ੇਸ਼ਕਰ ਸੈਂਟਰਲ ਚੀਨ ਵਿੱਚ) ਵਿੱਚ ਆਏ ਜ਼ਬਰਦਸਤ ਭੂਚਾਲ ਨੇ ਹਜ਼ਾਰਾਂ ਲੋਕਾਂ ਨੂੰ ਸਦਾ ਦੀ ਨੀਂਦੇ ਸਵਾ ਦਿੱਤਾ, ਜਿਹਨਾਂ ਵਿੱਚ ਵੱਡੀ ਗਿਣਤੀ ਵਿੱਚ ਸਕੂਲੀ ਬੱਚੇ ਵੀ ਸ਼ਾਮਲ ਹਨ। ਹਜ਼ਾਰਾਂ ਇਮਾਰਤਾਂ ਢਹਿ ਢੇਰੀ ਹੋ ਗਈਆਂ ਜਿਨ੍ਹਾਂ ਦੇ ਹੇਠਾਂ ਅਜੇ ਵੀ ਹਜ਼ਾਰਾਂ ਲੋਕ ਦੱਬੇ ਹੋਏ ਹਨ। ਚੀਨ ਦੇ ਲਈ ਇਹ ਇੱਕ ਬਹੁਤ ਵੱਡੀ ਬਿਪਤਾ ਦੀ ਘੜੀ ਹੈ ਕਿਉਂਕਿ ਦੋ ਤਿੰਨ ਮਹੀਨਿਆਂ ਵਿੱਚ ਸ਼ੁਰੂ ਹੋਣ ਵਾਲੀਆਂ ‘ਬੀਜਿੰਗ ਉਲੰਪਿਕਸ’ ਲਈ ਚੀਨੀਆਂ ਨੇ ਆਪਣਾ ਸਭ ਕੁਝ ਦਾਅ ’ਤੇ ਲਾਇਆ ਹੋਇਆ ਹੈ। ਭੂਚਾਲ ਜਾਂ ਤੂਫਾਨ ਪੀੜਤਾਂ ਲਈ ਇਕਦਮ ਮਿਲਣ ਵਾਲੀ ਖਾਦ-ਸਮੱਗਰੀ, ਦਵਾਈਆਂ, ਸਿਰ ਲੁਕੋਣ ਦੀ ਥਾਂ ਤਾਂ ਅਹਿਮ ਹੁੰਦੀ ਹੀ ਹੈ ਪਰ ਉਨ੍ਹਾਂ ਲਈ ਮੁਕੰਮਲ ਤਬਾਹੀ ਤੋਂ ਬਾਅਦ, ਜ਼ਿੰਦਗੀ ਨੂੰ ਮੁੱਢ ਤੋਂ ਸ਼ੁਰੂ ਕਰਨਾ ਹੋਰ ਵੀ ਮੁਸ਼ਕਿਲ ਹੁੰਦਾ ਹੈ। ਪਿਛਲੇ ਸਮੇਂ ਵਿੱਚ ਸੁਨਾਮੀ, ਭੂਚਾਲ (ਵਿਸ਼ੇਸ਼ਕਰ ਪਾਕਿਸਤਾਨੀ ਕਸ਼ਮੀਰ ਵਿੱਚ), ਕੈਟਰੀਨਾ ਆਦਿ ਕੁਦਰਤੀ ਪ੍ਰਕੋਪਾਂ ਤੋਂ ਬਚ ਗਏ ਲੋਕ ਅਜੇ ਵੀ ਆਪਣੀ ਜ਼ਿੰਦਗੀ ਨਵੇਂ ਸਿਰਿਓਂ ਸ਼ੁਰੂ ਕਰਨ ਲਈ ਹੱਥ-ਪੈਰ ਮਾਰ ਰਹੇ ਹਨ। ‘ਦੁਨੀਆਂ ਇੱਕ ਪਿੰਡ’ ਬਣਨ ਦਾ ਇਹ ਫਾਇਦਾ ਜ਼ਰੂਰ ਹੋ ਗਿਆ ਕਿ ਅੰਤਰਰਾਸ਼ਟਰੀ ਸਰਕਾਰੀ ਤੇ ਗੈਰ-ਸਰਕਾਰੀ ਸੰਸਥਾਵਾਂ ਰਾਹੀਂ ਰਾਹਤ ਸਮੱਗਰੀ ਰਾਤੋ-ਰਾਤ ਟਿਕਾਣਿਆਂ ’ਤੇ ਪਹੁੰਚ ਜਾਂਦੀ ਹੈ। ਭੁੱਖਮਰੀ ਜਾਂ ਕੁਦਰਤੀ ਆਫਤਾਂ ਦਾ ਸ਼ਿਕਾਰ ਲੋਕਾਂ ਵੱਲ, ਦੁਨੀਆਂ ਵਿਚਲੇ ਭਲੇ ਲੋਕ ਅਤੇ ਅੰਤਰਰਾਸ਼ਟਰੀ ਰੈੱਡ ਕਰਾਸ ਵਰਗੀਆਂ ਸੰਸਥਾਵਾਂ, ਇਕਦਮ ਪਹੁੰਚ

ਕਰਦੀਆਂ ਹਨ। ਇਸ ਤਰ੍ਹਾਂ ਸਮੁੱਚੀ ਮਨੁੱਖ ਜਾਤੀ ਇੱਕ ਬੰਧਨ ਵਿੱਚ ਬੱਝੀ ਹੋਈ ਮਹਿਸੂਸ ਹੁੰਦੀ ਹੈ। ਅਮਰੀਕਾ, ਕੈਨੇਡਾ ਅਤੇ ਯੂਰਪ ਦੇ ਦੇਸ਼ਾਂ ਦੀਆਂ ਸਰਕਾਰਾਂ ਅਤੇ ਲੋਕ ਰਾਹਤ ਕਾਰਜਾਂ ਲਈ ਦਿਲ ਖੋਲ੍ਹ ਕੇ ਦਾਨ ਦੇਂਦੇ ਹਨ, ਜਿਹੜੀ ਕਿ ਇਨ੍ਹਾਂ ਦੀ ਵਡਿਆਈ ਹੈ।

ਇਹ ਲਿਖਤ ਲਿਖਣ ਵੇਲੇ ਭਾਰਤ ਦੇ ਰਾਜਸਥਾਨ ਪ੍ਰਾਂਤ ਦੀ ਰਾਜਧਾਨੀ ਜੈਪੁਰ ਵਿੱਚ ਹੋਏ ਲੜੀਵਾਰ 7 ਬੰਬ ਧਮਾਕਿਆਂ ਵਿੱਚ 60 ਤੋਂ ਜ਼ਿਆਦਾ ਲੋਕਾਂ ਦੇ ਮਰਨ ਅਤੇ 200 ਤੋਂ ਵੱਧ ਦੇ ਜ਼ਖਮੀ ਹੋਣ ਦੀਆਂ ਖਬਰਾਂ ਆ ਰਹੀਆਂ ਹਨ। ਜੁਲਾਈ 2006 ਵਿੱਚ ਬੰਬਈ ਵਿੱਚ ਹੋਏ ਲੜੀਵਾਰ ਬੰਬ ਧਮਾਕਿਆਂ ਤੋਂ ਬਾਅਦ, ਭਾਰਤ ਵਿੱਚ ਵਾਪਰਨ ਵਾਲੀ ਇਹ ਸਭ ਤੋਂ ਵੱਡੀ ਹਿੰਸਕ ਘਟਨਾ ਹੈ। ਰਾਤ ਦੇ ਸਾਢੇ ਸੱਤ ਵਜੇ ਦੇ ਸਮੇਂ ਤੋਂ ਸ਼ੁਰੂ ਹੋ ਕੇ ਲਗਭਗ 12 ਮਿੰਟਾਂ ਵਿੱਚ ਹੀ ਇਹ ਸਾਰੇ ਧਮਾਕੇ ਰਿਮੋਟ-ਕੰਟਰੋਲ ਰਾਹੀਂ ਕੀਤੇ ਗਏ। ਇਨ੍ਹਾਂ ਬੰਬ ਧਮਾਕਿਆਂ ਦੀ ਅਮਰੀਕਾ ਦੇ ਪ੍ਰਧਾਨ ਬੁਸ਼ ਤੋਂ ਲੈ ਕੇ, ਭਾਰਤ ਦੇ ਹਰ ਹਾਰੀ-ਸਾਰੀ ਸਿਆਸਤਦਾਨ ਨੇ ਪੁਰਜ਼ੋਰ ਨਿਖੇਧੀ ਕੀਤੀ ਹੈ ਅਤੇ ਦੋਸ਼ੀਆਂ ਨੂੰ 'ਸਖਤ ਸਜ਼ਾ' ਦੇਣ ਦੀ ਮੰਗ ਕੀਤੀ ਹੈ।

ਹੈਰਾਨੀ ਇਸ ਗੱਲ ਦੀ ਹੈ ਕਿ ਇੱਕ ਪਾਸੇ ਮਾਰੇ ਗਏ ਬੇ-ਗੁਨਾਹ ਲੋਕਾਂ ਦੀਆਂ ਲਾਸ਼ਾਂ ਦੀ ਵੀ ਅਜੇ ਠੀਕ ਗਿਣਤੀ ਨਹੀਂ ਹੋ ਸਕੀ ਅਤੇ ਜ਼ਖਮੀਆਂ ਨੂੰ ਠੀਕ ਮੈਡੀਕਲ ਸਹਾਇਤਾ ਵੀ ਉਪਲਬਧ ਨਹੀਂ ਹੋਈ ਪਰ ਦੂਸਰੇ ਪਾਸੇ 'ਭੱਦੀ ਸਿਆਸਤ' ਖੁੱਲ੍ਹ ਕੇ ਖੇਡੀ ਜਾ ਰਹੀ ਹੈ। ਭਾਰਤੀ ਗ੍ਰਹਿ ਮੰਤਰਾਲੇ ਨੇ, ਬਿਨਾਂ ਕਿਸੇ ਜਾਂਚ-ਪੜਤਾਲ ਅਤੇ ਸਬੂਤ ਤੋਂ ਇਨ੍ਹਾਂ ਧਮਾਕਿਆਂ ਦੀ ਸੂਈ, ਬੰਗਲਾ ਦੇਸ਼ ਅਧਾਰਤ (ਅਖੌਤੀ) ਅੱਤਵਾਦੀ ਜਥੇਬੰਦੀ -ਹਰਕਤ ਉਲ ਜੇਹਾਦੀ ਇਸਲਾਮੀ (ਹੂਜੀ) ਵੱਲ ਮੋੜ ਦਿੱਤੀ ਹੈ ਅਤੇ ਇਹਦੇ ਨਾਲ 'ਲਸ਼ਕਰ' ਨੂੰ ਵੀ ਨੂੜ ਦਿੱਤਾ ਹੈ। ਇਸ ਦੇ ਪਿੱਛੇ 'ਵੱਡੀ ਵਿਦੇਸ਼ੀ ਸਾਜ਼ਿਸ਼' ਹੋਣ ਦਾ ਖਦਸ਼ਾ ਵੀ ਜ਼ਾਹਰ ਕਰ ਦਿੱਤਾ ਹੈ। ਬੀ. ਜੇ. ਪੀ. ਨੇ ਇਨ੍ਹਾਂ ਧਮਾਕਿਆਂ 'ਚੋਂ ਗੰਦੀ ਰਾਜਨੀਤੀ, ਅੱਗੇ ਵਧਾਉਂਦਿਆਂ, ਕੇਂਦਰ ਸਰਕਾਰ ਦੇ ਅਤਿਵਾਦ ਪ੍ਰਤੀ ਨਰਮ-ਰੁੱਖ ਨੂੰ, ਇਨ੍ਹਾਂ ਧਮਾਕਿਆਂ ਲਈ ਜ਼ਿੰਮੇਵਾਰ ਦੱਸਿਆ ਹੈ। ਯਾਦ ਰਹੇ, ਰਾਜਸਥਾਨ ਵਿੱਚ ਬੀ. ਜੇ. ਪੀ. ਦੀ ਸਰਕਾਰ ਹੈ ਅਤੇ ਕਾਨੂੰਨ-ਵਿਵਸਥਾ ਦਾ ਮਸਲਾ 'ਪ੍ਰਾਂਤਕ ਸਰਕਾਰ' ਦੀ ਜ਼ਿੰਮੇਵਾਰੀ ਹੈ। ਇਹ ਬੀ. ਜੇ. ਪੀ. ਦੇ ਉਹੀ ਨੇਤਾ ਹਨ ਜਿਹੜੇ ਕੁਝ ਹਫਤੇ ਪਹਿਲਾਂ ਯੂ. ਪੀ. ਵਿੱਚ ਹੋਏ ਬੰਬ ਧਮਾਕਿਆਂ ਦੇ ਲਈ 'ਮਾਇਆਵਤੀ' ਤੋਂ ਅਸਤੀਫੇ ਦੀ ਮੰਗ ਕਰ ਰਹੇ ਸਨ - ਪਰ ਹੁਣ ਉਹਨਾਂ ਨੂੰ ਆਪਣੀ 'ਵਸੁੰਧਰਾ ਰਾਜੇ' ਬਿਲਕੁਲ ਦੁੱਧ-ਧੋਤੀ ਨਜ਼ਰ ਆ ਰਹੀ ਹੈ। ਬੀ. ਜੇ. ਪੀ. ਦੇ ਪ੍ਰਧਾਨ ਰਾਜਨਾਥ ਸਿੰਘ ਨੇ ਤਾਂ ਇਨ੍ਹਾਂ ਬੰਬ ਧਮਾਕਿਆਂ ਦੇ ਜ਼ਿੰਮੇਵਾਰੀ ਪਾਕਿਸਤਾਨ ਸਥਿਤ 'ਆਤੰਕਵਾਦੀਆਂ' ਦੇ ਖਾਤੇ ਪਾਉਣ ਵਿੱਚ, ਅੱਖ ਵੀ ਨਹੀਂ ਝਮਕਣ ਦਿੱਤੀ।

ਬੇਸ਼ੱਕ ਅਸੀਂ ਵੀ ਬਿਨਾਂ 'ਤੱਥਾਂ' ਤੋਂ ਇਨ੍ਹਾਂ ਧਮਾਕਿਆਂ ਨੂੰ ਕਿਸੇ ਦੇ ਖਾਤੇ ਵਿੱਚ ਪਾਉਣ ਤੋਂ ਸੰਕੋਚ ਕਰਨਾ ਚਾਹੁੰਦੇ ਹਾਂ ਪਰ ਬੀਤੇ ਸਮੇਂ ਵਿਚਲੇ ਇਹੋ ਜਿਹੇ ਕੇਸ ਜਿਵੇਂ ਚਿੱਠੀ ਸਿੰਘਪੁਰਾ (ਕਸ਼ਮੀਰ) ਵਿੱਚ 35 ਸਿੱਖਾਂ ਦਾ ਕਤਲ, ਗੋਧਰਾ ਕਾਂਡ ਦੀ ਆੜ ਵਿੱਚ ਗੁਜਰਾਤ ਵਿੱਚ ਕੀਤਾ ਗਿਆ ਹਜ਼ਾਰਾਂ ਮੁਸਲਮਾਨਾਂ ਦਾ ਕਤਲੇਆਮ, ਸਮਝੌਤਾ-ਐਕਸਪ੍ਰੈੱਸ ਵਿੱਚ ਕੀਤੇ ਗਏ ਬੰਬ ਧਮਾਕੇ, ਹਾਲ ਹੀ ਵਿੱਚ ਗੁਜਰਾਤ ਚੋਣਾਂ ਜਿੱਤਣ ਤੋਂ ਬਾਅਦ ਉੜੀਸਾ ਵਿੱਚ ਸਾੜੇ ਗਏ ਸੈਂਕੜੇ ਚਰਚ ਅਤੇ ਮਾਰੇ ਗਏ ਦਰਜਨਾਂ ਈਸਾਈ ਆਦਿਕ ਘਟਨਾਵਾਂ ਲਈ ਸਿੱਧੇ ਤੌਰ ਤੇ ਆਰ. ਐੱਸ. ਐਸ. ਅਤੇ ਉਸ ਦਾ ਸਹਿਯੋਗੀ 'ਸੰਘ ਪਰਿਵਾਰ' ਹੀ ਜ਼ਿੰਮੇਵਾਰ ਹੈ। ਲੋਕ ਸਭਾ ਦੀਆਂ ਚੋਣਾਂ ਸਿਰ 'ਤੇ ਹਨ ਅਤੇ ਬੀ. ਜੇ. ਪੀ. ਹਰ ਹਾਲਤ ਵਿੱਚ ਇਸ ਵਾਰ ਕੇਂਦਰ ਵਿੱਚ ਆਪਣੀ ਸਰਕਾਰ ਬਨਾਉਣ ਲਈ ਹਰ - ਹੀਲਾ ਵਰਤਣ ਤੋਂ ਗੁਰੇਜ਼ ਨਹੀਂ ਕਰ ਰਹੀ। ਪੰਜਾਬ ਵਿੱਚ ਬੀ. ਜੇ. ਪੀ. ਤੇ ਬਾਦਲ ਅਕਾਲੀ ਦਲ ਵਿਚਾਲੇ 'ਹਿੰਸਕ ਤਣਾਅ' ਨੂੰ ਵੀ ਇਸੇ ਸੰਦਰਭ ਵਿੱਚ ਹੀ ਵੇਖਿਆ ਜਾਣਾ ਚਾਹੀਦਾ ਹੈ ਕਿਉਂਕਿ ਬੀ. ਜੇ. ਪੀ. ਨੇ ਪੰਜਾਬ ਵਿੱਚ 'ਆਪਣਾ' ਸਿੱਖ ਮੁੱਖ-ਮੰਤਰੀ ਬਣਾਉਣ ਦਾ ਨਾਹਰਾ ਵੀ ਦਿੱਤਾ ਹੈ ਅਤੇ ਇਸ ਲਈ ਉਹ ਕਾਰਜਸ਼ੀਲ ਵੀ ਹੋ ਗਏ ਹਨ।

ਸਾਡਾ ਖਦਸ਼ਾ ਹੈ ਕਿ ਗੁਜਰਾਤ ਤੇ ਉੜੀਸਾ ਤੋਂ ਬਾਅਦ, ਮੁਸਲਮਾਨਾਂ ਤੇ ਈਸਾਈਆਂ ਦੇ 'ਘਾਣ' ਦੀ ਅਗਲੀ ਪ੍ਰਯੋਗਸ਼ਾਲਾ - ਰਾਜਸਥਾਨ ਹੀ ਹੈ - ਜਿਸ ਵਿੱਚ 'ਕੰਮ' ਸ਼ੁਰੂ ਕਰ ਦਿੱਤਾ ਗਿਆ ਹੈ। ਕੁਝ ਮਹੀਨੇ ਪਹਿਲਾਂ ਰਾਜਸਥਾਨ ਵਿੱਚ 'ਈਸਾਈ ਸਮਾਗਮਾਂ 'ਤੇ ਬਜਰੰਗ ਦਲ ਨੇ ਹਮਲੇ ਕੀਤੇ ਸਨ ਅਤੇ ਇੱਕ ਮਸੀਤ ਨੇੜੇ ਮੰਦਰ ਹੋਣ ਦੇ ਮਸਲੇ ਨੂੰ ਵੀ ਖੂਬ ਹਵਾ ਦਿੱਤੀ ਗਈ ਸੀ ਪਰ ਗੱਲ ਬਹੁਤੀ ਚੱਲੀ ਨਹੀਂ। ਹੁਣ ਜੈਪੁਰ ਵਿਚਲੇ ਬੰਬ ਧਮਾਕੇ ਮੁਸਲਮਾਨਾਂ ਵਿਰੁੱਧ 'ਫਸਾਦਾਂ' ਲਈ ਭੜਕਾਊ ਕਾਰਣ ਵੀ ਹੋ ਸਕਦੇ ਹਨ ਕਿਉਂਕਿ ਇਹਨਾਂ ਧਮਾਕਿਆਂ ਵਿੱਚ 'ਹਨੂੰਮਾਨ ਮੰਦਰ' ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ, ਜਿਹੜਾ ਕਰਮ ਹਿੰਦੂ ਜਜ਼ਬਾਤਾਂ ਨੂੰ ਭੜਕਾਉਣ ਲਈ ਹੋ ਸਕਦਾ ਹੈ। ਪਾਕਿਸਤਾਨ ਜਾਂ ਬੰਗਲਾਦੇਸ਼ ਵਿਚਲੀ ਕੋਈ ਵੀ ਜਥੇਬੰਦੀ (ਭਾਵੇਂ ਦਹਿਸ਼ਤਗਰਦ ਹੀ ਹੋਵੇ) ਐਸਾ ਕੰਮ ਨਹੀਂ ਕਰੇਗੀ, ਜਿਸਦਾ ਖਮਿਆਜ਼ਾ ਭਾਰਤ ਵਿਚਲੇ, ਉਨ੍ਹਾਂ ਦੇ ਹਮ-ਮਜ਼ਹਬ ਮੁਸਲਮਾਨਾਂ ਨੂੰ ਭੁਗਤਣਾ ਪਵੇ। ਕਸ਼ਮੀਰ ਵਿੱਚ ਉਹ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ ਕਿਉਂਕਿ ਕਸ਼ਮੀਰ ਤੇ ਉਹ ਆਪਣਾ ਦਾਅਵਾ ਜਿਤਾਂਦੇ ਹਨ ਅਤੇ ਕਸ਼ਮੀਰ, ਬਹੁਗਿਣਤੀ ਮੁਸਲਿਮ ਪ੍ਰਾਂਤ ਹੈ। ਰਾਜਸਥਾਨ ਵਿਚਲੇ ਬੰਬ ਧਮਾਕਿਆਂ ਦਾ ਲਾਹਾ, ਸਿੱਧੇ ਤੌਰ 'ਤੇ ਹਿੰਦੂ ਮੂਲਵਾਦੀਆਂ ਨੂੰ ਮਿਲਦਾ ਹੈ। ਇਸ ਗੱਲ ਦੀ ਕੋਈ ਸੰਭਾਵਨਾ ਨਹੀਂ ਹੈ ਕਿ ਕਦੀ ਵੀ ਇਹਨਾਂ ਬੰਬ ਧਮਾਕਿਆਂ ਪਿੱਛੇ ਕੰਮ ਕਰ ਰਹੀ 'ਅਸਲੀ ਤਾਕਤ' ਨੂੰ ਬੇਨਕਾਬ ਕੀਤਾ ਜਾ ਸਕੇਗਾ ਕਿਉਂਕਿ ਪਹਿਲੀਆਂ ਉਪਰੋਕਤ 'ਹਿੰਸਕ ਵਾਰਦਾਤਾਂ' ਦੇ ਕਿਸੇ ਵੀ ਅਸਲ ਦੋਸ਼ੀ ਨੂੰ ਸਜ਼ਾ-ਯਾਫਤਾ ਨਹੀਂ ਕੀਤਾ ਗਿਆ। ਇਸ ਲਿਸਟ ਵਿੱਚ ਨਵੰਬਰ 1984 ਵਿੱਚ ਕਾਂਗਰਸ ਪਾਰਟੀ ਵਲੋਂ ਰਾਜੀਵ ਗਾਂਧੀ ਦੇ ਹੁਕਮਾਂ 'ਤੇ ਕੀਤਾ ਗਿਆ 10 ਹਜ਼ਾਰ ਤੋਂ ਜ਼ਿਆਦਾ ਸਿੱਖਾਂ ਦਾ ਕਤਲੇਆਮ ਵੀ ਸ਼ਾਮਲ ਹੈ।

ਅਸੀਂ ਮੀਆਂਮਾਰ, ਚੀਨ ਤੇ ਜੈਪੁਰ ਵਿੱਚ ਮਾਰੇ ਗਏ ਹਜ਼ਾਰਾਂ ਬੇਗੁਨਾਹ-ਬਦਨਸੀਬ ਲੋਕਾਂ ਦੀ ਪੀੜ ਧੁਰ ਅੰਦਰ ਤੱਕ ਮਹਿਸੂਸ ਕਰਦੇ ਹਾਂ ਅਤੇ ਅਕਾਲ ਪੁਰਖ ਦੀ ਦਰਗਾਹ ਵਿੱਚ 'ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ' ਦੇ ਬਾਬੇ ਨਾਨਕ ਦੇ ਬੋਲਾਂ ਰਾਹੀਂ ਪੁਕਾਰ ਵੀ ਕਰਦੇ ਹਾਂ।